# ਵਿਅਕਤੀ ਕੇਂਦਰਤ ਵਰਚੂਅਲ ਮੁਲਾਕਾਤ

# ਰਿਸ਼ਤੇਦਾਰਾਂ ਲਈ ਸਕਾਈਪ (Skype) ਸਬੰਧੀ ਸੇਧ

NHS Greater Glasgow and Clyde

## ਇਹ ਕਿਸ ਲਈ ਹੈ?

ਇਹ ਸੇਧ ਮਰੀਜ਼ਾਂ ਜਾਂ ਪਰਿਵਾਰਕ ਮੈਂਬਰਾਂ ਦੇ ਆਪਣੇ ਉਪਕਰਨਾਂ ਉੱਤੇ ਸਕਾਈਪ ਕਾਲਾਂ ਲੈਣ ਵਾਸਤੇ ਮਦਦ ਕਰਨ ਲਈ ਹੈ। ਕਿਰਪਾ ਕਰਕੇ ਧਿਆਨ ਦਿਓ ਕਿ ਰਿਸ਼ਤੇਦਾਰਾਂ ਨੂੰ ਐੱਨ.ਐੱਚ.ਐੱਸ. ਆਈਪੈਡਾਂ ਉੱਤੇ ਕਾਲ ਨਹੀਂ ਕਰਨੀ ਚਾਹੀਦੀ, ਪਰ ਇਸ ਦੀ ਬਜਾਏ ਸਾਡੇ ਵੱਲੋਂ ਤੁਹਾਨੂੰ ਕਾਲ ਕਰਨ ਦੀ ਉਡੀਕ ਕਰਨੀ ਚਾਹੀਦੀ ਹੈ।

## ਇਸ ਸੇਧ ਬਾਰੇ

ਸਕਾਈਪ ਵੱਖ-ਵੱਖ ਉਪਕਰਨਾਂ ਉੱਤੇ ਕੰਮ ਕਰਦੀ ਹੈ। ਤੁਹਾਡੇ ਖਾਸ ਉਪਕਰਨ ਲਈ ਵਰਤੇ ਜਾ ਰਹੇ ਸਹੀ ਸੰਸਕਰਨ ਨੂੰ ਲਾਜ਼ਮੀ ਤੌਰ ’ਤੇ ਡਾਊਨਲੋਡ ਕਰਨਾ ਚਾਹੀਦਾ ਹੈ।

## ਇਹ ਕੀ ਕਰਦੀ ਹੈ?

ਸਕਾਈਪ ਕਾਲਾਂ ਕਰਨ, ਵੀਡੀਓ ਕਾਲਾਂ ਸਮੇਤ, ਲਈ ਇੱਕ ਸੰਚਾਰਕ ਸਾਧਨ ਹੈ। ਇੱਕ ਕਾਲ ਵਿੱਚ ਕਈ ਵਿਅਕਤੀ ਜੋੜੇ ਜਾ ਸਕਦੇ ਹਨ।

## ਪਹਿਲੀ ਵਾਰੀ ਕਾਇਮ ਕਰਨਾ

1. **ਤੁਹਾਡੇ ਕੰਪਿਊਟਰ, ਮੋਬਾਇਲ ਫ਼ੋਨ ਜਾਂ ਟੈਬਲੈਟ ’ਤੇ ਸਕਾਈਪ ਨੂੰ ਸ਼ਾਮਲ ਕਰਨਾ।**

ਸਕਾਈਪ ਤੋਂ ਵੀਡੀਓ ਕਾਲ ਲਏ ਜਾ ਸਕਣ ਲਈ, ਤੁਹਾਨੂੰ ਆਪਣੇ ਪੀ.ਸੀ., ਲੈਪਟਾਪ, ਟੈਬਲੇਟ ਜਾਂ ਮੋਬਾਇਲ ਫ਼ੋਨ ਉੱਤੇ ਸਕਾਈਪ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਤੋਂ ਸਕਾਈਪ ਨਹੀਂ ਹੈ, ਤਾਂ ਤੁਹਾਨੂੰ ਇਸ ਨੂੰ ਸ਼ਾਮਲ ਕਰਨ ਦੀ ਲੋੜ ਹੋਵੇਗੀ। ਤੁਸੀਂ ਆਪਣੇ ਉਪਕਰਨ ਦੇ ਐਪ ਸਟੋਰ ਵਿੱਚ ਜਾ ਕੇ ਅਤੇ ਸਕਾਈਪ ਲਈ ਤਲਾਸ਼ ਕਰਕੇ ਅਜਿਹਾ ਕਰ ਸਕਦੇ ਹੋ। ਤੁਹਾਨੂੰ ਸਕਾਈਪ ਦੇ ਸਹੀ ਸੰਸਕਰਨ ਨੂੰ ਸਥਾਪਤ ਕਰਨ ਦੀ ਲੋੜ ਹੋਵੇਗੀ, ਮਿਸਾਲ ਲਈ:

- ਕਿੰਡਲ ਲਈ ਸਕਾਈਪ
- ਆਈਪੈਡ ਲਈ ਸਕਾਈਪ
- ਐਂਡਰੌਇਡ ਲਈ ਸਕਾਈਪ

ਇੱਕ ਵਾਰੀ ਜਦੋਂ ਤੁਸੀਂ ਆਪਣੇ ਉਪਕਰਨ ਉੱਤੇ ਕੰਮ ਕਰਨ ਲਈ ਸਕਾਈਪ ਦਾ ਸੰਸਕਰਨ ਲੱਭ ਲੈਂਦੇ ਹੋ, ਤਾਂ ‘ਇੰਸਟਾਲ’ ਉੱਤੇ ਕਲਿੱਕ ਕਰੋ। ਇੱਕ ਵਾਰੀ ਸਥਾਪਤ ਹੋਣ ’ਤੇ, ਸਕਾਈਪ ਖੋਲ੍ਹੋ। ਤੁਹਾਨੂੰ ਫੇਰ ਲੌਗਿਨ ਕਰਨ ਦੀ ਲੋੜ ਹੋਵੇਗੀ।

2. **<u>ਸਕਾਈਪ ਲਈ ਲੌਗ-ਇਨ ਕਰਨਾ</u>**

ਜੇਕਰ ਤੁਸੀਂ ਇਸ ਤੋਂ ਪਹਿਲਾਂ ਕਦੇ ਵੀ ਸਕਾਈਪ ਦੀ ਵਰਤੋਂ ਨਹੀਂ ਕੀਤੀ ਹੈ, ਤਾਂ ਤੁਹਾਡੇ ਕੋਲ ਨਵਾਂ ਅਕਾਊਂਟ ਬਣਾਉਣ ਦਾ ਵਿਕਲਪ ਹੁੰਦਾ ਹੈ। ਤੁਸੀਂ ਆਪਣੇ ਮਾਈਕ੍ਰੋਸੌਫ਼ਟ ਅਕਾਊਂਟ ਨਾਲ ਵੀ ਸਕਾਈਪ ਵਿੱਚ ਲੌਗ ਇਨ ਕਰ ਸਕਦੇ ਹੋ ਜੇਕਰ ਤੁਹਾਡੇ ਕੋਲ ਪਹਿਲਾਂ ਤੋਂ ਹੀ one (ਇੱਕ) ਹੁੰਦਾ ਹੈ।




ਇੱਕ ਵਾਰੀ ਜਦੋਂ ਤੁਸੀਂ ਲੌਗ-ਇਨ ਕਰ ਲੈਂਦੇ ਹੋ, ਤਾਂ ਸਕਾਈਪ ਤੁਹਾਨੂੰ ਇਹ ਯਕੀਨੀ ਬਣਾਉਣ ਲਈ ਜਾਂਚ ਕਰਨ ਲਈ ਕਹੇਗੀ ਕਿ ਤੁਹਾਡਾ ਮਾਈਕ੍ਰੋਫ਼ੋਨ ਅਤੇ ਕੈਮਰਾ ਕੰਮ ਕਰ ਰਹੇ ਹਨ। ਤੁਹਾਨੂੰ ਕੁਝ ਵਿਕਲਪ ਸੈੱਟ ਕਰਨ ਲਈ ਵੀ ਕਿਹਾ ਜਾ ਸਕਦਾ ਹੈ, ਕਿਰਪਾ ਕਰਕੇ '**ਸਾਰੇ ਵਿਕਲਪ ਸਵੀਕਾਰ ਕਰੋ**'

3. **<u>ਆਪਣੇ ਸਕਾਈਪ ਨਾਮ ਬਾਰੇ ਪਤਾ ਲਗਾਉਣਾ</u>**




ਕਿਸੇ ਵੱਲੋਂ ਤੁਹਾਨੂੰ ਵੀਡੀਓ ਕਾਲ ਕੀਤੇ ਜਾ ਸਕਣ ਲਈ, ਉਨ੍ਹਾਂ ਨੂੰ ਤੁਹਾਨੂੰ ਸਕਾਈਪ ਡਾਇਰੈਕਟਰੀ ਉੱਤੇ ਲੱਭਣ ਦੀ ਲੋੜ ਹੁੰਦੀ ਹੈ , ਜੋ ਫ਼ੋਨ ਬੁੱਕ ਉੱਤੇ ਕਿਸੇ ਦੇ ਵੇਰਵੇ ਲੱਭਣ ਦੀ ਤਰ੍ਹਾਂ ਹੈ। ਤੁਸੀਂ ਲੋਕਾਂ ਬਾਰੇ ਪਤਾ ਲਗਾਉਣ ਲਈ ਸਕਰੀਨ ਦੇ ਉੱਪਰ ਸਰਚ (ਭਾਲ) ਵਾਲੇ ਖਾਨੇ ਵਿੱਚ ਵੇਰਵੇ ਟਾਈਪ ਕਰ ਸਕਦੇ ਹੋ।




ਤੁਸੀਂ ਲੱਭਣ ਲਈ ਨਾਮ ਟਾਈਪ ਕਰ ਸਕਦੇ ਹੋ, ਪਰ ਤੁਸੀਂ ਹਰੇਕ ਹਰੇਕ ਦੇ ਨਾਮ ਨਾਲ ਇੱਕ ਸੂਚੀ ਪ੍ਰਾਪਤ ਕਰੋਗੇ।




ਇਹ ਯਕੀਨੀ ਬਣਾਉਣ ਲਈ ਕੀ ਵੀਡੀਓ ਕਾਲ ਸਹੀ ਵਿਅਕਤੀ ਵੱਲ ਜਾ ਰਹੀ ਹੈ, ਤੁਸੀਂ ਫ਼ੋਨ ਨੰਬਰ ਸ਼ਾਮਲ ਕਰਨ ਲਈ ਆਪਣੇ ਪ੍ਰੋਫਾਈਲ ਨੂੰ ਜਾਂ ਫੇਰ ਈਮੇਲ ਪਤੇ ਨੂੰ ਸੰਪਾਦਤ ਕਰ ਸਕਦੇ ਹੋ, ਜਿਸ ਨੂੰ ਫੇਰ ਕਾਲ ਕਰਨ ਵਾਲਾ ਲੱਭ ਸਕਦਾ ਹੈ। ਤੁਸੀਂ ਫੇਰ ਇਹ ਵੀ ਪਤਾ ਲਗਾ ਸਕਦੇ ਹੋ ਕਿ ਤੁਹਾਡਾ ਸਕਾਈਪ ਨਾਮ ਕੀ ਹੈ, ਅਤੇ ਇਹ ਕਾਲ ਕਰਨ ਵਾਲੇ ਨੂੰ ਦੇ ਸਕਦੇ ਹੋ।

ਆਪਣੇ ਪ੍ਰੋਫਾਈਲ ਲਈ ਵੇਰਵੇ ਸ਼ਾਮਲ ਕਰਨ ਵਾਸਤੇ, ਜਾਂ ਆਪਣਾ ਸਕਾਈਪ ਨਾਮ ਦੇਖਣ ਲਈ, ਸਕਰੀਨ ਉੱਤੇ ਆਪਣੇ ਸੰਖੇਪ ਨਾਮ ਉੱਤੇ ਕਲਿੱਕ ਕਰੋ, ਅਤੇ 'ਸਕਾਈਪ ਪ੍ਰੋਫਾਈਲ' ਉੱਤੇ ਕਲਿੱਕ ਕਰੋ




ਇੱਥੋਂ ਤੁਸੀਂ ਦੇਖ ਸਕਦੇ ਹੋ ਕਿ ਤੁਹਾਡਾ 'ਸਕਾਈਪ ਨਾਮ' ਕੀ ਹੈ, ਤੁਸੀਂ ਇੱਕ ਈਮੇਲ ਪਤਾ ਸ਼ਾਮਲ ਕਰ ਸਕਦੇ ਹੋ, ਅਤੇ ਤੁਸੀਂ ਆਪਣੇ ਅਕਾਊਂਟ ਉੱਤੇ ਜ਼ਿਆਦਾ ਜਾਣਕਾਰੀ, ਜਿਵੇਂ ਕਿ ਇੱਕ ਮੋਬਾਇਲ ਨੰਬਰ, ਸ਼ਾਮਲ ਕਰਨ ਲਈ 'ਹੋਰ ਤਰੀਕੇ ਜਿਸ ਨਾਲ ਲੋਕ ਤੁਹਾਨੂੰ ਲੱਭ ਸਕਦੇ ਹਨ' ਉੱਤੇ ਕਲਿੱਕ ਕਰ ਸਕਦੇ ਹੋ




ਕਿਰਪਾ ਕਰਕੇ ਧਿਆਨ ਦਿਓ, ਕਾਲਰ ਵੱਲੋਂ ਤੁਹਾਨੂੰ ਛੇਤੀ ਲੱਭੇ ਜਾਣ ਲਈ, ਤੁਹਾਨੂੰ 'ਖੋਜ ਨਤੀਜਿਆਂ ਵਿੱਚ ਪ੍ਰਗਟ ਹੋਣ' ਦੇ ਵਿਕਲਪ ਦੀ ਵੀ ਚੋਣ ਕਰਨ ਦੀ ਲੋੜ ਹੁੰਦੀ ਹੈ। ਤੁਸੀਂ ਆਪਣੀਆਂ ਸੈਟਿੰਗਾਂ ਵਿੱਚ, ਫੇਰ ਆਪਣੇ ਪ੍ਰੋਫਾਈਲ ਵਿੱਚ ਜਾ ਕੇ ਇਸ ਨੂੰ ਲੱਭ ਸਕਦੇ ਹੋ:

ਤੁਸੀਂ ਆਪਣੇ ਸਕਾਈਪ ਅਕਾਉਂਟ ਉੱਤੇ ਜ਼ਿਆਦਾ ਵੇਰਵੇ ਦੇਖੋਗੇ, ਜਿਸ ਵਿੱਚ **'discoverability (ਲੱਭਣਯੋਗਤਾ)'** ਬਾਰੇ ਭਾਗ ਵੀ ਸ਼ਾਮਲ ਹੈ। ਤੁਸੀਂ **'appear in search results (ਖੋਜ ਨਤੀਜਿਆਂ ਵਿੱਚ ਪ੍ਰਗਟ ਹੋਣ)'** ਲਈ ਸਹਿਮਤ ਹੋਣ ਵਾਸਤੇ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾ ਸਕਦੇ ਹੋ। ਜੇਕਰ ਤੁਸੀਂ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਉਣਾ ਚਾਹੁੰਦੇ ਹੋ, ਤਾਂ ਲੋਕ ਈਮੇਲ ਪਤੇ ਰਾਹੀਂ ਤੁਹਾਨੂੰ ਫੇਰ ਵੀ ਲੱਭ ਸਕਦੇ ਹਨ, ਇਸ ਲਈ ਯਕੀਨੀ ਬਣਾਓ ਕਿ ਤੁਸੀਂ ਆਪਣੇ ਅਕਾਉਂਟ ਵਿੱਚ ਈਮੇਲ ਪਤਾ ਸ਼ਾਮਲ ਕਰ ਲਿਆ ਹੁੰਦਾ ਹੈ।




ਇੱਕ ਵਾਰੀ ਜਦੋਂ ਤੁਸੀਂ ਆਪਣੇ ਅਕਾਉਂਟ ਵਿੱਚ ਵੇਰਵੇ ਸ਼ਾਮਲ ਕਰ ਲਏ ਹੁੰਦੇ ਹਨ, ਅਤੇ ਆਪਣੇ ਆਪ ਨੂੰ 'ਲੱਭਣਯੋਗ' ਬਣਾ ਲਿਆ ਹੁੰਦਾ ਹੈ, ਤਾਂ ਤੁਸੀਂ ਫੇਰ ਕਾਲ ਕਰਨ ਵਾਲੇ ਨੂੰ ਆਪਣੇ ਵੇਰਵੇ ਦੇ ਸਕਦੇ ਹੋ, ਅਤੇ ਉਹ ਫੇਰ ਵੀਡੀਓ ਕਾਲ ਕਰਨ ਲਈ ਤੁਹਾਡੇ ਬਾਰੇ ਪਤਾ ਲਗਾ ਸਕਣਗੇ।

## ਕਾਲ ਕਿਵੇਂ ਲੈਣੀ ਹੈ

ਵੀਡੀਓ ਕਾਲ ਲੈਣ ਲਈ, ਸਕਾਈਪ ਖੋਲ੍ਹੋ, ਅਤੇ ਯਕੀਨੀ ਬਣਾਓ ਕਿ ਤੁਸੀਂ ਲੌਗ-ਇਨ ਕੀਤਾ ਹੋਇਆ ਹੈ। ਇਹ ਵੀ ਯਕੀਨੀ ਬਣਾਓ ਜੇਕਰ ਸਕਾਈਪ ਤੁਹਾਨੂੰ ਅਜਿਹਾ ਕਰਨ ਲਈ ਕਹਿੰਦਾ ਹੈ ਤਾਂ ਤੁਸੀਂ **'accept all options (ਸਾਰੇ ਵਿਕਲਪ ਸਵੀਕਾਰ ਕਰਦੇ ਹੋ)'**। ਜਦੋਂ ਕੋਈ ਤੁਹਾਨੂੰ ਕਾਲ ਕਰ ਰਿਹਾ ਹੁੰਦਾ ਹੈ, ਤਾਂ ਤੁਸੀਂ ਆਪਣੇ ਉਪਕਰਨ ਉੱਤੇ ਆਵਾਜ਼ ਸੁਣੋਗੇ ਅਤੇ ਤੁਸੀਂ ਆਪਣੀ ਸਕਰੀਨ ਦੇ ਸਭ ਤੋਂ ਉੱਪਰ ਇੱਕ ਸੰਦੇਸ਼ ਦੇਖੋਗੇ ਜੋ 'ਇਨਕਮਿੰਗ ਕਾਲ' ਬਾਰੇ ਦੱਸਦਾ ਹੈ। ਕਾਲ ਦਾ ਉੱਤਰ ਦੇਣ ਲਈ, ਅਤੇ ਕਾਲਰ ਨੂੰ ਤੁਹਾਨੂੰ ਦੇਖ ਸਕਣ ਅਤੇ ਤੁਹਾਨੂੰ ਸੁਣ ਸਕਣ ਦੀ ਖੁੱਲ੍ਹ ਦੇਣ ਲਈ, ਸਕਰੀਨ ਦੇ ਸਭ ਤੋਂ ਉੱਪਰ ਹਰੇ ਕੈਮਰਾ ਆਈਕਨ ਉੱਤੇ ਕਲਿੱਕ ਕਰੋ:



**ਕਾਲ ਕਿਵੇਂ ਸਮਾਪਤ ਕਰਨੀ ਹੈ**

ਕਾਲ ਸਮਾਪਤ ਕਰਨ ਲਈ, ਲਾਲ ਫ਼ੋਨ ਬਟਨ ਉੱਤੇ ਕਲਿੱਕ ਕਰੋ।

**ਮਹੱਤਵਪੂਰਨ ਨੁਕਤੇ**

ਅਸੀਂ ਰਿਸ਼ਤੇਦਾਰਾਂ ਨੂੰ ਸਲਾਹ ਦਿੰਦੇ ਹਾਂ ਕਿ ਉਹ **ਸਕਾਈਪ ਦੀ ਵਰਤੋਂ ਕਰਦਿਆਂ ਤਸਵੀਰਾਂ ਜਾਂ ਵੀਡੀਓ ਨਾ ਭੇਜਣ**, ਕਿਉਂਕਿ ਇਹ ਫੇਰ ਸਕਾਈਪ ਦੇ ਨਿਯਮਾਂ ਅਤੇ ਸ਼ਰਤਾਂ ਤਹਿਤ ਆਏਗਾ (https://www.skype.com/en/legal/)। ਜੇਕਰ ਰਿਸ਼ਤੇਦਾਰ ਅਜਿਹਾ ਕਰਨ ਦੀ ਚੋਣ ਕਰਦੇ ਹਨ, ਤਾਂ **ਇਹ ਉਨ੍ਹਾਂ ਦੇ ਆਪਣੇ ਜੋਖਮ 'ਤੇ ਹੋਵੇਗਾ।**

ਕਿਰਪਾ ਕਰਕੇ ਇਹ ਧਿਆਨ ਦਿਓ ਕਿ ਸਕਾਈਪ-ਤੋਂ-ਸਕਾਈਪ ਕਾਲਾਂ ਮੁਫ਼ਤ ਹਨ ਪਰ ਇਹ ਕਿ **ਸਕਾਈਪ ਨਾਲ ਸੰਦੇਸ਼ ਭੇਜਣੇ ਜਾਂ ਕਾਲਾਂ ਕਰਨੀਆਂ ਵਸੂਲਣਯੋਗ ਹਨ।**

**ਟਰਬਲਸ਼ੂਟਿੰਗ (ਸਮੱਸਿਆ ਬਾਰੇ ਪਤਾ ਲਗਾਉਣਾ ਅਤੇ ਇਸ ਨੂੰ ਦਰੁਸਤ ਕਰਨਾ)**

ਤੁਸੀਂ ਇੱਥੇ ਯੂਟਿਊਬ ਉੱਤੇ ਕਦਮ-ਦਰ-ਕਦਮ ਵਿਆਖਿਆਵਾਂ ਦੇਖ ਸਕਦੇ ਹੋ:
https://www.youtube.com/watch?v=x2fO2Fg-WmU

ਜੇਕਰ ਤੁਹਾਨੂੰ ਇਸ ਐਪ ਦੀ ਵਰਤੋਂ ਲਈ ਅਗਲੇਰੀ ਸਹਾਇਤਾ ਦੀ ਲੋੜ ਹੈ, ਤਾਂ ਫੇਰ ਆਪਣੇ ਪ੍ਰਸ਼ਨ ਇੱਥੇ ਭੇਜੋ:
**virtual.visit@ggc.scot.nhs.uk**.